ਸੁਰਜੀਤ ਕਲਸੀ 

## ਔਰਤ ਦਾ ਚਿਹਰਾ

ਇਹ ਜੋ ਤੇਰੀ ਵਾਟ ਵਿਚ
ਕੰਡੇ ਵਿਛੇ ਨਾ ਥਾਂ ਕੁ ਥਾਂ
ਹੂੰਝ ਕੇ ਕਰ ਦੇ ਇਹਨਾਂ ਨੂੰ
ਰਾਹਾਂ 'ਚੋਂ ਉਰਾਂ ਪਰ੍ਹਾਂ।

ਲਾ ਦੇ ਕਾਲੇ ਬੱਦਲਾਂ ਨੂੰ
ਲੌਣ ਚਿੱਟੀ ਚਾਨਣੀ ਦੀ
ਸਿਉਂ ਦੇ ਦਿਸਹੱਦ ਦੁਆਲੇ
ਮੌਲਸਰੀਆਂ ਝਾਲਰਾਂ।

ਦੁੱਖ ਤਾਂ ਖ਼ੁਸ਼ੀਆਂ 'ਤੇ ਚੜ੍ਹਿਆ
ਇਕ ਮੁਲੰਮਾ ਹੈ ਸਿਰਫ
ਖੁਰਚ ਕੇ ਲਾਹ ਦੇ ਗ਼ਮੀ ਨੂੰ
ਖਰ ਦੇ ਇਹਦੀਆਂ ਕੀਚਰਾਂ।

ਛੰਡ ਦੇ ਦੁੱਖਾਂ ਦੇ ਛਿੱਕੂ
ਸਿਰ'ਤੇ ਜੋ ਚਾਏ ਚਿਰਾਂ ਤੋਂ
ਕਾਸ ਲਈ ਸੋਚਾਂ 'ਚ ਬੈਠੀ
ਐਥੇ ਧਰਾਂ ਕਿ ਔਥੇ ਧਰਾਂ।

ਪਹਿਨਣਾ ਔਰਤ ਦਾ ਚਿਹਰਾ
ਬਹੁਤ ਕੁਰਬਾਨੀ ਹੈ ਵੱਡੀ
ਹੈ ਸ਼ਹਾਦਤ ਤੋਂ ਵੀ ਔਖਾ
ਔਰਤ ਵਾਂਗਰ ਵਿਚਰਨਾ।

ਕੌਣ ਹੋਵੇ ਜੁ ਆਣ ਪਾਵੇ

ਮੇਰਿਆਂ ਦੁੱਖਾਂ ਦੀ ਹਾਥ
ਕੱਢ ਲੈਂਦੀ ਹੈ ਇਹ ਸੰਸਾ
ਰੁੱਗ ਭਰ ਕੇ ਅੰਦਰਾਂ।

ਜਿਸ ਨੂੰ ਪੁੰਨਿਆ ਦੀ ਸਾਰ ਨਾ
ਜ਼ਿੰਦਗ਼ੀ ਨੂੰ ਉਸ ਤੋਂ ਵਾਰ ਨਾ
ਮੱਥੇ 'ਤੇ ਉਕਰੀ ਲਕੀਰ ਦਾ
ਕਿਉਂ ਕਰ ਹੋਰ ਜ਼ੁਲਮ ਜਰਾਂ।

ਇਹ ਜੋ ਫੰਦਾ ਪਰੰਪਰਾ ਦਾ
ਚੋਗ਼ ਲਈ ਪੈਰੀਂ ਨੂੜਿਆ
ਤੋੜ ਇਸ ਦੀ ਮੜਕ ਨੂੰ
ਲਾਹ ਕੇ ਸੁੱਟ ਦੇ ਦੂਰ ਪਰ੍ਹਾਂ।

ਆਪਣੇ ਕਰਮਾਂ ਦੀ ਕਿਤਾਬ ਦਾ
ਨਾ ਕਰ ਹੋਰ ਹਿਸਾਬ ਕਿਤਾਬ
ਹੱਥ ਵਿਚ ਫੜ੍ਹ ਕੇ ਕਲਮ ਨਾਲ
ਖ਼ੁਦ ਹੱਕ ਸੱਚ ਦਾ ਇਨਸਾਫ ਕਰਾਂ।

## ਔਰਤ ਦੇ ਦਿਲ ਵਿਚ ਸੁਰਾਖ਼

ਇਹ ਦਿਲ ਹੀ ਹੈ ਔਰਤ ਦਾ
ਜੋ ਕੋਮਲ ਫੁਲ ਫੌਲਾਦ ਹੈ
ਕੀ ਹੋਇਆ ਜੇ ਪੀੜ੍ਹੀ ਦਰ ਪੀੜ੍ਹੀ
ਔਰਤ ਦੇ ਦਿਲ ਵਿਚ ਸੁਰਾਖ਼ ਹੈ!

ਔਰਤ ਦਾ ਦਿਲ ਸੋਚਦਾ ਹੈ
ਸੰਵੇਦਨਸ਼ੀਲ ਵਿਵੇਕ ਹੈ ਮਸਤਕ
ਉਹ ਕੁਦਰਤ ਦੇ ਕਾਦਰ ਦਾ ਕ੍ਰਿਸ਼ਮਾ
ਪਲੇਠੀ ਕਲੀ ਵਾਂਗਰ ਖਿੜ ਜਾਂਦੀ ਹੈ
ਟਹਿਕਣ ਲੱਗ ਜਾਂਦੀ ਹੈ...
ਜਦ ਤੱਕ ਕੋਈ ਵਹਿਸ਼ਤ ਉਸ ਨੂੰ
ਆਪਣੇ ਪੈਰਾਂ ਹੇਠ ਕੁਚਲ ਨਹੀਂ ਦੇਂਦੀ
ਜਦ ਤੱਕ ਉਹ ਆਪਣਿਆਂ ਤੋਂ ਤੋੜ
ਇਕੱਲੀ ਕਰ ਨਹੀਂ ਦਿੱਤੀ ਜਾਂਦੀ!
ਜਦ ਤੱਕ ਪਰੰਪਰਾ ਦੀ ਆਵਾਜ਼
ਉਹਨੂੰ ਇਹ ਚੇਤਾ ਨਹੀਂ ਦੁਆ ਦੇਂਦੀ
ਕਿ ਓਹਦੇ ਦਿਲ ਵਿਚ ਹੈ ਸੁਰਾਖ਼!

ਇਹ ਸੁਰਾਖ਼ ਤਾਂ ਜਨਮ ਵੇਲੇ ਮਾਂ ਨੇ ਦਿੱਤਾ
ਦਿਲ ਵਿਚ ਖੁਭਿਆ ਕਿੱਲ ਖਿੱਚ ਦਿੱਤਾ
ਜਦ ਪਹਿਲੀ ਵਾਰ ਚਾਨਣ  ਡਿੱਠਾ
ਪਹਿਲੀ ਵਾਰ ਕੁੱਖ ਤੋਂ ਬਾਹਰ
ਤੇ ਬੋਲ ਸੁਣੇ ਗੁੜ੍ਹਤੀ ਦੇ ਨਾਲ
"ਵਾਰਸ ਨਹੀਂ,
          ਪੱਥਰ ਡਿੱਗ ਪਿਆ
          ਸਾਡੇ ਘਰ ਇਸ ਵਾਰ!"
ਹਰ ਨਵ-ਜਨਮੀ ਬੱਚੀ ਦੀ
ਨਿਕਲ ਜਾਂਦੀ ਬੜੀ ਮਾਰਮਿਕ ਚੀਖ਼
ਕਿੱਲ ਖਿੱਚਣ ਨਾਲ ਜੋ ਬਣਦਾ
ਦਿਲ ਵਿਚ ਸੁਰਾਖ਼ਜੰਮਦੇ ਸਾਰ!

ਮਾਂ ਹੱਸਦੀ ਕਹਿੰਦੀ ਸੀ
ਕਿ ਉਹਦੇ ਦਿਲ ਵਿਚ ਵੀ ਸੀ ਇਕ ਸੁਰਾਖ਼
ਉਹਦੀ ਮਾਂ ਦੇ ਦਿਲ ਵਿਚ ਵੀ
ਤੇ ਉਹਦੀ ਮਾਂ ਦੀ ਮਾਂ ਦੇ ਦਿਲ ਵਿਚ ਵੀ
ਤੇ ਉਹਦੀ ਮਾਂ ਦੀ ਮਾਂ ਦੇ ਦਿਲ ਵਿਚ ਵੀ
                    ਸੀ ਇਕ ਸੁਰਾਖ਼!
ਇਹ ਔਰਤ ਦਾ ਦਿਲ ਹੈ
ਜੋ ਹੈ ਫਾਲ ਫੌਲਾਦ
ਇਹ ਔਰਤ ਦਾ ਹੀ ਜੇਰਾ
ਜੋ ਸੁਣ  ਸੁਣ ਇਹ ਸ਼ਬਦ
ਹੋ ਜਾਂਦੀ ਹੈ ਹੈਰਾਨ
ਸੱਚ-ਮੁੱਚ ਉਹਦਾ ਹਿਰਦਾ ਹੈ ਮਹਾਨ!

ਗੁੜ੍ਹਤੀ ਦੇ ਨਾਲ ਮੁਹਰਾ ਚੱਟਦੀ
ਪੀ ਪੀ ਅੱਗ ਹਨੇਰੇ ਜ਼ਿਹਨਾਂ ਦੀ
ਸਿਸਕਦੀ ਮਰਦੀ ਭਰਦੀ
ਕਿਸੇ ਤਰ੍ਹਾਂ ਆਪਣੀ ਧਰਤੀ ਨੂੰ
ਮੁੜ ਮੁੜ ਜ਼ਰਖ਼ੇਜ਼ ਹੈ ਕਰਦੀ!
ਦਿਲ ਦੇ ਸੁਰਾਖ਼ ਥਾਣੀ

## ਸਿਮਰਤੀ ਦਾ ਵੇਸ

ਤੇਰੇ ਜਾਣ ਤੋਂ ਬਾਅਦ
ਜ਼ਿੰਦਗ਼ੀ ਹੋ ਜਾਂਦੀ ਹੈ ਬਹੁਤ ਸੋਗਵਾਰ
ਲੋਅ ਸੂਰਜ ਦੀ ਰੁਸ ਜਾਂਦੀ ਹੈ
ਭੇੜ ਦੇਂਦੀ ਹੈ ਚਾਨਣੀ ਆਪਣਾ ਬਾਰ।

ਸਿਮਰਤੀ ਦੇ ਵੇਸ ਵਿਚ
ਹੁਣੇ ਹੀ ਤੇਰੇ ਹੱਥਾਂ ਦੀ ਤਪਸ਼ ਵਿਚੋਂ
ਇਕ ਆਸਰਾ ਉਜਾਗਰ ਹੋਇਆ ਹੈ
ਧੁਰ ਅੰਦਰਲੇ ਬੀਆਬਾਨ ਵਿਚ
ਇਕ ਦੀਪ ਜਗ ਗਿਆ ਹੈ
ਹਨੇਰਾ ਚੀਰ ਕੇ ਆਈ ਹੈ
ਲੋਅ ਮੁਹੱਬਤ ਦੀ
ਸਾਹਾਂ ਵਿਚ ਜਿਵੇਂ ਬਸ
ਚਾਨਣ ਘੁਲ ਗਿਆ ਹੈ।

ਬਿਨ-ਪੱਤਿਓ ਟਾਹਣੀਆਂ ਤੇ
ਖਿੜੇ ਫੁੱਲਾਂ ਦੀਆਂ ਗੁਲਾਬੀ ਪੱਤੀਆਂ
ਵਿਚ ਥਿਰਕਨ ਆਈ ਹੈ
ਹਵਾ ਹੌਲੀ ਹੌਲੀ ਰੁਮਕਣ ਲਗੀ ਹੈ
ਪੱਤੀ ਪੱਤੀ ਉੱਡ ਕੇ ਹਵਾਵਾਂ ਸੰਗ
ਰਾਹਵਾਂ ਵਿਚ ਵਿੱਛ ਗਈ ਹੈ
ਇਹਨਾਂ ਸ਼ਿੰਗਾਰੇ ਰਾਹਾਂ ਤੇ
ਮੁਹਬੱਤ ਪੋਲੇ ਪੈਰੀਂ ਤੁਰਦੀ
ਕਦੀ ਗਵਾਚੇ ਕਦਮਾਂ ਨੂੰ ਲਭੱਦੀ
ਤੇ ਕਦੀ ਆਪ ਗਵਾਚ ਜਾਂਦੀ ਹੈ।

ਹੁਣੇ ਹੀ ਦੀ ਤਾਂ ਗੱਲ ਹੈ
ਮੈਂ ਤੇਰੇ ਐਨ ਸਾਂ ਨਾਲ
ਜਿਥੇ ਤੂੰ ਸਿਰਫ ਆਪਣੇ ਨਾਲ ਸੈਂ।
ਪਰ ਉਸ ਜਗ੍ਹ ਤਾਂ ਅਜੇ ਜਾਣਾ ਹੈ
ਜਿਥੇ ਖਾਮੋਸ਼ੀ ਦਾ ਆਲਮ ਹੈ
ਜਿਥੇ ਦਿਲ ਦੇ ਕੋਨੇ ਵਿਚ
ਇਕ ਦਰਦ ਗੁੰਮ ਸੁੰਮ ਬੈਠਾ ਹੈ
ਜਿਥੇ ਮੈਂ ਆਪਣੀ ਵਿਥਿਆ ਕਹਿਣੀ ਹੈ
ਤੂੰ ਆਪਣੇ ਦਿਲ ਦਾ ਹਾਲ ਸੁਣਾਉਣਾ ਹੈ।

ਤੇਰੀ ਰੇਸ਼ਮੀ ਛੋਹ ਜਿਥੇ ਮੇਰੀ ਬੰਦਗੀ
ਵਿਚ ਆ ਕੇ ਬਿਰਾਜਮਾਨ ਹੋ ਜਾਂਦੀ ਹੈ

ਮੁਰਸ਼ਦ ਦਾ ਕਰ ਧਿਆਨ ਕਾਇਆ
ਸੁਆਸ ਸੁਆਸ ਇਬਾਦਤ ਹੋ ਜਾਂਦੀ ਹੈ।

## ਤਨਹਾਈ

ਮਿਹਰ ਤੇਰੇ ਦਾ ਕਤਰਾ ਕਤਰਾ
ਦਿਲ ਦੇ ਮਾਰੂਥਲ ਤੇ ਵ੍ਹਰ ਜਾਂਦਾ
ਤਪਦੀ ਬਰੇਤੀ ਦੇਹੀ ਤੇ
ਬੂੰਦ ਬੂੰਦ ਬਾਰਿਸ਼ ਕਰਦਾ ਜਾਂਦਾ।
ਬੇਖ਼ੁਦੀ ਵਿਚ ਆਪਾ ਰੁਸਿਆ

ਜ਼ਰਾ ਜ਼ਰਾ ਜੀਵਨ ਭੁਰਦਾ ਜਾਂਦਾ
ਹੱਸ ਹੱਸ ਪਿਆਰ ਜਿਤਾਂਦਾ ਭਾਵੇਂ
ਅੰਦਰੋ ਭੋਰਾ ਭੋਰਾ ਖੁਰਦਾ ਜਾਂਦਾ।

ਸਹਿਜ ਖ਼ਾਮੋਸ਼ੀ ਸਹਿਜੇ ਸਹਿਜੇ
ਬਣਦੀ ਜਾਂਦੀ ਸੰਗੇ ਮਰਮਰ
ਤਨਹਾਈ ਦਾ ਦਰਦ ਹੌਲੀ ਹੌਲੀ
ਬਸ ਇਕ ਪੱਥਰ ਬਣਦਾ ਜਾਂਦਾ।

ਬੰਦ ਗਲੀ ਹੈ ਜ਼ਿੰਦਗ਼ਾਨੀ
ਘੁਪ ਹਨੇਰੀ ਬਹੁਤ ਵੀਰਾਨ
ਕਦ ਦਾ ਸਾਡਾ ਸੁਪਨਾ ਟੁੱਟਾ
ਕਿਉਂਕਰ ਭਰਨੀ ਪਰਾਂ ਉਡਾਨ।

ਆਪਣੇ ਹੀ ਬੋਲਾਂ ਤੋਂ ਡੱਰ ਕੇ
ਸਹਿਮ ਗਈ ਬੇਜਾਨ ਆਵਾਜ਼
ਦੁੱਖ ਦਰਦ ਦੇ ਬੋਲਾਂ ਟੁੱਕ ਲਈ
ਨਿਖੰਭੜੇ ਸੁਪਨੇ ਦੀ ਪਰਵਾਜ਼।

## ਬੇ ਆਵਾਜ਼ ਔਰਤਾਂ

ਹਾਂ ਬੈਠੀਆਂ ਨੇ ਅਜੇ ਵੀ
ਚੁੱਪ ਚਾਪ ਉਡੀਕ ਕਰ ਰਹੀਆਂ
ਕਿ ਕੋਈ ਆਵੇਗਾ
ਜਾਂ ਕੋਈ ਆਵੇਗ ਅੰਦਰੋਂ ਛਲਕ ਜਾਏਗਾ।

ਗਲੀ ਵਿਚ ਬੈਠੀਆਂ ਨੇ

ਬਿਨਾਂ ਫਰਸ਼ ਤੋਂ ਬਿਨਾਂ ਦਰਵਾਜ਼ੇ ਤੋਂ
ਇਕ ਘਰ ਖੜੋਤਾ ਹੈ
ਜਿਸ ਦੀਆਂ ਦੀਵਾਰਾਂ ਉਸੇ ਤਰ੍ਹਾਂ ਹਨ
ਬਿਨਾਂ ਦਰਵਾਜ਼ੇ ਦੇ ਇਸ ਘਰ ਵਿਚ
ਬੇਆਵਾਜ਼ ਔਰਤਾਂ
ਕੁਝ ਕਹਿੰਦੀਆਂ ਹਨ ਪਰ
ਅਣਡਿੱਠ ਅਣਸੁਣੀਆਂ ਅਣਬੋਲੀਆਂ
ਰਹਿ ਜਾਂਦੀਆਂ ਹਨ
ਚੁੱਪ ਚਾਪ ਉਡੀਕ ਕਰਦੀਆਂ
ਕਿ ਕੋਈ ਆਏਗਾ
ਉਹਨਾਂ ਦੇ ਪੈਰਾਂ ਥਲੇ
ਕੋਈ ਧਰਤੀ ਵਿਛਾ ਜਾਏਗਾ
ਸਿਰ ਤੇ ਕੋਈ ਆਸਮਾਨ ਟਾਂਕ ਜਾਏਗਾ
ਜਾਂ ਘਾਹ ਦੀ ਤਿੜ ਦਾ ਤਿਣਕਾ
ਕਾਨੀ ਬਣ ਜਾਏਗਾ।
ਤੇ ਉਹਨਾਂ ਦੀ ਦਾਸਤਾਂ
ਲਿਖ ਜਾਏਗਾ ਜਦ ਕੋਈ ਆਏਗਾ।

ਉਹ ਦਾਸਤਾਂ ਜੋ ਕਹਿਣੀ ਹੈ
ਉਹ ਉਡੀਕ ਵਿਚ ਬੁੱਢੀ ਹੋ ਚੁਕੀ ਹੈ
ਜਮੂਦ ਵਿਚ ਹੈ ਸਮਾਂ
ਉਸੇ ਹੀ ਸਮੇਂ ਦੇ
ਉਸ ਪਲ ਵਿਚ ਰੁਕ ਗਈ ਹੈ
ਜਾਂ ਉਹਨਾਂ ਦੀ ਦਾਸਤਾਂ
ਕਿਸੇ ਨੂੰ ਸੁਣਾਈ ਨਹੀਂ ਦਿੰਦੀ
ਤੇ ਜੋ ਸੁਣ ਸਕਦੇ ਹਨ
ਉਹਨਾਂ ਨੇ ਔਰਤ ਦੀ ਦਾਸਤਾਂ ‘ਤੇ
ਆਪਣੇ ਜ਼ਿਹਨ ਦਾ ਮੁਲੱਮਾ ਚੜ੍ਹਾ ਦਿੱਤਾ ਹੈ,
ਉਸ ਵਿਚਲੀ ਸੁੱਚਮ ਨੂੰ ਗੰਦਲਾ ਦਿੱਤਾ ਹੈ,
ਸੱਚ ਗੰਵਾ ਦਿੱਤਾ ਹੈ।

ਆਪਣੇ ਝੁਰੜੀਆਂ ਭਰੇ ਚਿਹਰਿਆਂ ਉਤੇ
ਦੀਵਿਆਂ ਵਾਂਗ ਬਲਦੀਆਂ ਅੱਖਾਂ ਨਾਲ
ਉਡੀਕ ਕਰਦੀਆਂ ਹਨ
ਕਿ ਕੋਈ ਆਵੇਗਾ
ਜਾਂ ਉਹ ਆਪਣੀ ਕਹਾਣੀ
ਆਪਣੀਆਂ ਦੇਹਾਂ ਤੇ ਲਿਖ ਕੇ
ਆਪਣੇ ਨਾਲ ਲੈ ਜਾਣਗੀਆਂ
ਜਾਂ ਘਾਹ ਦੀ ਤਿੜ ਦਾ
ਕੋਈ ਤਿਣਕਾ ਕਾਨੀ ਬਣ ਜਾਏਗਾ।

ਜਾਂ ਫਿਰ ਉਹ
ਇਸ ਯੁਗ ਵਿਚ ਵੀ
ਬੇਆਵਾਜ਼ ਰਹਿ ਜਾਣਗੀਆਂ।

## ਸਨਿਮਰ ਚੁੱਪ

ਸਨਿਮਰ ਚੁੱਪ ਦਾ ਹੈ ਪਸਾਰ
ਫਿਰ ਇਹ ਆਵਾਜ਼ ਕੇਹੀ ਹੁੰਦੀ ਹੈ
ਸ਼ੀਸ਼ਾ ਟੁੱਟਿਆ ਟੁਣਕਾਰ ਹੋਈ
ਟੁੱਟਦੇ ਦਿਲ ਦੀ ਕਦੋਂ ਆਵਾਜ਼ ਹੁੰਦੀ ਹੈ!

ਹਾਓਕੇ ਡੱਕੀਏ ਅਥਰੂ ਅਥਰੇ
ਦਰਦ ਦਿਲੇ ਦਾ ਤਨ ਮਨ ਜਾਲੇ
ਮੇਰੀ ਤਨਹਾਈ ਸੰਗ ਮੇਰੇ
ਸਨਿਮਰ ਚੁੱਪ ਦੀ ਲੋਅ ਬਾਲੇ!

ਉੱਠਦੀਆਂ ਛੱਲਾਂ ਡੁੱਬਦੀਆਂ ਛੱਲਾਂ
ਪਾਰਾ ਪਾਰਾ ਦਰਦ ਦਿਲੇ ਦਾ
ਬੜੀ ਕੋਲੋਂ ਹੋ ਕੇ ਦੇਖੀ ਜ਼ਿੰਦਗੀ
ਇਥੇ ਕਦ ਕੌਣ ਬਣਿਆ ਕਿਸੇ ਦਾ!

ਜਦੋਂ ਆਹਾਂ ਦੀ ਹਨੇਰੀ ਝੁੱਲਦੀ ਹੈ
ਬੜੀ ਬੇਕਿਰਕ ਤੇ ਮਾਰੂ ਹੁੰਦੀ ਹੈ
ਕੱਚ ਦੇ ਰਿਸ਼ਤੇ ਕਿਰਚਾਂ ਕਿਰਚਾਂ
ਕਿਰਚਾਂ ਦੀ ਆਵਾਜ਼ ਕਦੋਂ ਹੁੰਦੀ ਹੈ!

ਸਨਿਮਰ ਚੁੱਪ ਦਾ ਹੈ ਪਸਾਰ
ਫਿਰ ਇਹ ਆਵਾਜ਼ ਕੇਹੀ ਹੁੰਦੀ ਹੈ
ਸ਼ੀਸ਼ਾ ਟੁੱਟਿਆ ਟੁਣਕਾਰ ਹੋਈ
ਟੁੱਟਦੇ ਦਿਲ ਦੀ ਕਦੋਂ ਆਵਾਜ਼ ਹੁੰਦੀ ਹੈ!

## ਤਰਜੀਹ

ਤਰਜੀਹ ਤੋਂ ਵਿਰਵੀ ਮਨ-ਦੇਹੀ
ਦੂਜੇ ਦਰਜੇ ਦੀ ਮਾਨੁਸ਼ੀ ਬਣੀ ਰਹੀ
ਸੰਸਕਾਰਾਂ ਦੇ ਦਾਇਰੇ ਵਿਚ ਜਕੜੀ
ਪੀੜ੍ਹੀ ਦਰ ਪੀੜ੍ਹੀ ਔਰਤ ਦਲਿਤ ਰਹੀ!

ਪਹਿਲਾਂ ਮਾਂ ਦੇ ਪਿਆਰ ਨੂੰ ਤਰਸੀ
ਜੋ ਉਸ ਨੂੰ ਪੱਥਰ ਦਾ ਰੁਤਬਾ ਦਿੰਦੀ!
ਪੁੱਤਰ ਨੂੰ ਪਹਿਲੀ ਰੋਟੀ ਪਹਿਲਾਂ
ਕੁਲ ਦੀ ਤੁਖ਼ਮ ਨੂੰ ਤਰਜੀਹ ਜੋ ਦਿੰਦੀ!

ਬਾਬਲ ਦੀ ਪਗੜੀ ਦੀ ਲਾਜ ਦਾ ਭਾਰ ਢੋਂਦੀ
ਰੁਤਬੇ ਵਿਚ ਪਰ ਕਦੀ ਤਰਜੀਹ ਨਾ ਪਾਉਂਦੀ
ਬਗਾਨੇ ਘਰ ਜਾਣ ਤੱਕ ਦਾਗ ਨਾ ਲਾਉਂਦੀ
ਵਰਜਿਤ ਰੱਖੀ ਡਰਦੀ ਕੁਝ ਨਾ ਕਹਿੰਦੀ।

ਰੂਹ ਪਿਆਸੀ ਭਟਕਦੀ ਰੇਤ ਥੱਲਾਂ ਵਿਚ
ਜਦ ਘਰ ਬੇਗਾਨੇ ਸਿਰ ਦਾ ਸਾਈਂ ਵੀ
ਹੋਰ ਸਾਰੇ ਰਿਸ਼ਤਿਆਂ ਦੀ ਸੀੜੀ ਦੇ
ਸਭ ਤੋਂ ਧੁਰ ਥੱਲੇ ਟੰਬੇ ਤੇ ਰੱਖਦਾ
ਸਭ ਦੀ ਤਰਜੀਹ ਤੋਂ ਬਾਅਦ
ਵਾਰੀ ਸਿਰ ਹਾਲ ਜੋ ਪੁੱਛਦਾ
ਕਦੀ ਪੁੱਛਣਾ ਜ਼ਰੂਰੀ ਨਾ ਸਮਝਦਾ!

ਲੈ ਕੇ ਪਿਆਸੀ ਰੂਹ ਫਿਰਦੀ ਰਹਿੰਦੀ
ਕਿਣ ਮਿਣ ਮੋਹ ਦੀ ਵਰਖਾ ਨੂੰ ਤਰਸਦੀ
ਤਪਦੀ ਰੇਤ ਤੇ ਨੰਗੇ ਪੈਰੀਂ ਜੀਵਨ ਤੁਰਦੀ
ਸਹਿਰਾ ਤੋਂ ਸਹਿਰਾ ਰਹਿੰਦੀ ਭਟਕਦੀ!

ਤਰਜੀਹ ਤੋਂ ਵਿਰਵੀ
ਪਰ ਤਰਜੀਹ ਦਿੰਦੀ ਪਤੀ ਨੂੰ
ਪੁਤੱਰ, ਧੀਆਂ, ਪਤੀ ਦੇ ਪਰਿਵਾਰ ਨੂੰ
ਸਾਰੇ ਸਾਕ ਸੰਬੰਧੀ ਤੇ ਹਰ ਰਿਸ਼ਤੇਦਾਰ ਨੂੰ
ਨਹੀਂ ਦੇ ਸਕਦੀ ਤਰਜੀਹ ਤਾਂ ਬਸ
ਨਹੀਂ ਦਿੰਦੀ ਇਕ ਆਪਣੇ ਆਪ ਨੂੰ!

## ਸੂਰਜ

ਹੇ ਸੂਰਜ!
ਤੇਰੇ ਰੰਗ ਅਨੇਕ ਨੂੰ ਪ੍ਰਣਾਮ!
ਕੁਦਰਤ ਤੇਰੇ ਰੰਗਾਂ ਦੀ ਚਾਦਰ
ਕੁਲ ਕਾਇਨਾਤ ਵਿਚ ਵਿਛਾਈ
ਸੁਆਸ ਸੁਆਸ ਜਪ ਕੇ
ਰੂਹ ਤੇਰੇ ਰੰਗਾਂ ਵਿਚ ਸਮਾਈ

ਲੋਕ ਕਹੇ ਹੈ ਬਾਵਰੀ ਹੋਈ
ਰਹੀ ਨਾ ਸੁਧ ਬੁਧ ਕਾਹੀ
ਆਪੇ ਆਪਣੀ ਮੈਂ ਮੁਕਾਈ
ਰੰਗ-ਮੰਡਲ ਦੇ ਰੰਗ ਰਸਾਈ
ਨਿਸ ਦਿਨ ਪਲ ਛਿਣ ਰੈਣ ਸਭਾਈ
ਮਿੱਟ ਜਾਵਾਂ ਫਿਰ ਆਪਾ ਪਾਵਾਂ।
ਪ੍ਰਭੂ ਐਸੀ ਕਰੋ ਰਹਿਨੁਮਾਈ!